Australian Government
Department of Social Services

# ਮਨੁੱਖੀ ਤਸਕਰੀ ਅਤੇ ਗੁਲਾਮੀ

## ਮਨੁੱਖੀ ਤਸਕਰੀ ਅਤੇ ਗੁਲਾਮੀ ਕਰਾਉਣਾ ਆਸਟ੍ਰੇਲੀਆ ਵਿੱਚ ਗੰਭੀਰ ਅਪਰਾਧ ਸਮਝੇ ਜਾਂਦੇ ਹਨ।

ਮਨੁੱਖੀ ਤਸਕਰੀ ਅਤੇ ਗੁਲਾਮੀ, ਕਾਨੂੰਨ ਦੇ ਵਿੱਰੁਧ ਹਨ।

ਜੋ ਅਜਿਹਾ ਜੁਰਮ ਕਰਦਾ ਹੈ, ਜੇ੍ਹਲ ਜਾ ਸਕਦਾ ਹੈ ਭਾਵੇਂ ਆਦਮੀ ਹੋਵੇ ਜਾਂ ਔਰਤ।

ਜੇ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** ‘ਤੇ ਕਾੱਲ ਕਰੋ।

ਅੱਸਟ੍ਰੇਲੀਆ ਵਿੱਚ ਪੁਲਿਸ ਸੁਰੱਖਿਅਤ ਹੈ ਅਤੇ ਤੁਸੀਂ ਉਸ 'ਤੇ ਵਿਸ਼ਵਾਸ ਕਰ ਸਕਦੇ ਹੋ।

ਜੇ ਤੁਹਾਨੂੰ ਮੁਫ਼ਤ ਦੁਭਾਸ਼ੀਏ (interpreter) ਦੀ ਜ਼ਰੂਰਤ ਹੈ, ਤਾਂ **131 450** 'ਤੇ ਕਾੱਲ ਕਰੋ।

## ਆਸਟ੍ਰੇਲੀਅਨ ਸਰਕਾਰ (Australian Government) ਕਿਸੇ ਵੀ ਹਾਲਤ ਵਿੱਚ ਮਨੁੱਖੀ ਤਸਕਰੀ ਜਾਂ ਅਜੋਕੀ ਗੁਲਾਮੀ ਪ੍ਰਥਾ ਦੇ ਚਲਨ ਨੂੰ ਬਰਦਾਸ਼ਤ ਨਹੀਂ ਕਰਦੀ।

ਮਨੁੱਖੀ ਤਸਕਰੀ ਤੇ ਗੁਲਾਮੀ ਉਦੋਂ ਚਲਦੀ ਹੈ ਜਦ ਕਿਸੇ ਹੋਰ ਦੇ ਲਾਭ ਲਈ ਲੋਕਾਂ ਨੂੰ ਸ਼ੋਸ਼ਣ ਵਰਗੀ ਸਥਿਤੀ ਵਿੱਚ ਫਸਾਇਆ ਜਾਂਦਾ ਹੈ।ਇਹ ਕਿਸੇ ਵੀ ਆਦਮੀ, ਔਰਤ ਜਾਂ ਬੱਚੇ ਨਾਲ ਵਾਪਰ ਸਕਦੀ ਹੈ।ਮਨੁੱਖੀ ਤਸਕਰੀ ਵਿੱਚ ਹੇਠ ਲਿਖੀਆਂ ਮੱਦਾਂ ਆਉਂਦੀਆਂ ਹਨ:

- ਉਦਯੋਗਾਂ ਵਿੱਚ ਗੁਲਾਮੀ, ਚਾਕਰੀ, ਜਾਂ ਜਬਰੀ ਮਜ਼ਦੂਰੀ ਜਿਵੇਂ ਪ੍ਰਾਹੁਣਚਾਰੀ ਵਿੱਚ, ਉਸਾਰੀ ਵਿੱਚ, ਜੰਗਲਾਤ ਵਿੱਚ, ਖਾਣਾਂ ਵਿੱਚ, ਖੇਤੀ ਬਾੜੀ ਵਿੱਚ ਅਤੇ ਗੂਹੜ ਯਾਰੀ (ਆਸ਼ਨਾਈ) ਵਿੱਚ ਵੀ;
- ਕਰਜ਼ਾ ਉਗਰਾਹੀ ਲਈ ਬੰਧਕ ਬਨਾਉਣਾ;
- ਜਿਨਸੀ ਸ਼ੋਸ਼ਣ;
- ਜਬਰੀ ਵਿਆਹ; ਜਾਂ
- ਸਰੀਰਕ ਅੰਗ ਕੱਢਣ ਲਈ ਮਨੁੱਖੀ ਤਸਕਰੀ।

## ਮਨੁੱਖੀ ਤਸਕਰੀ ਅਤੇ ਗੁਲਾਮੀ ਗੁੱਝੇ ਅਪਰਾਧ ਹਨ।

ਮਨੁੱਖੀ ਤਸਕਰੀ ਤੇ ਗੁਲਾਮੀ ਅਜਿਹੇ ਜੁਰਮ ਹਨ ਜਿਹਨਾਂ ਦੀ ਸੂਹ ਲਾਉਣੀ ਮੁਸ਼ਕਲ ਹੈ ।ਸ਼ੋਸ਼ਨ ਕਰਤਾ ਦੀ ਬਦਲਾਖੋਰੀ ਜਾਂ ਪ੍ਰਵਾਸ ਖੁਸ ਜਾਣ ਦੇ ਡਰ ਕਰਕੇ ਲੋਕ ਮਦਦ ਨਹੀਂ ਲੈਂਦੇ।

ਹੋ ਰਹੀ ਮਨੁੱਖੀ ਤਸਕਰੀ ਦਾ ਸੰਕੇਤ ਦੇਣ ਵਾਲੇ  ਚਿੰਨ੍ਹ ਇੰਜ ਹਨ ਜਿਵੇਂ ਕਿਸੇ ਵਿਅਕਤੀ ਨੂੰ

- ਦਾਬੇ ਨਾਲ ਡਰਾ ਧਮਕਾ ਕੇ ਕੰਮ ਲੈਣਾ;
- ਕੰਮ ਦੀਆਂ ਘਟੀਆ ਹਾਲਤਾਂ ਵਿੱਚ ਰਖਣਾ;
- ਕੰਮ ਦੀ ਅਦਾਇਗੀ ਨਾ ਕਰਨੀ ਜਾਂ ਰੋਜ਼ਗਾਰਦਾਤਾ ਜਾਂ ਤੀਜੀ ਧਿਰ ਦਾ ਵੱਡਾ ਕਰਜ਼ਾ ਲਾਹੁੰਦੇ ਦਿਖਾਉਣਾ; ਜਾਂ
- ਪਾਸਪੋਰਟ ਜਾਂ ਹੋਰ ਨਿੱਜੀ ਦਸਤਾਵੇਜ਼ ਕਿਸੇ ਤੀਜੀ ਧਿਰ ਨੂੰ ਫੜਾ ਛਡਣੇ ਤੇ ਲੋੜ ਪੈਣ ਤੇ ਨਾ ਦੇਣੇ।

## ਕੀ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਅਜਿਹੇ ਖਤਰੇ ਵਿੱਚ ਹੈ?

ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਮਨੁੱਖੀ ਤਸਕਰੀ ਜਾਂ ਗੁਲਾਮੀ ਦਾ ਸ਼ਿਕਾਰ ਹੈ ਤਾਂ ਤੁਸੀਂ ਮਦਦ ਲਈ ਆਸਟ੍ਰੇਲੀਅਨ ਫੈਡਰਲ ਪੁਲਿਸ (**Australian Federal Police**) AFP ਨਾਲ **131 237** (131AFP) ਤੇ ਸੰਪਰਕ ਕਰ ਸਕਦੇ ਹੋ ਜਾਂ ਮਦਦ ਲਈ **www.afp.gov.au** ਤੇ **AFP** ਦੀ ਵੈਬਸਾਈਟ ਤੇ ਜਾ ਸਕਦੇ ਹੋ। AFP ਤੁਹਾਨੂੰ ਸੁਰੱਖਿਅਤ ਰੱਖ ਸਕਦੀ ਹੈ, ਸਲਾਹ ਦੇ ਸਕਦੀ ਹੈ ਅਤੇ ਹੋਰ ਸਹਿਯੋਗੀ ਸੇਵਾਵਾਂ ਦੀ ਦੱਸ ਪਾ ਸਕਦੀ ਹੈ ਜਿਵੇਂ ਰਿਹਾਇਸ਼, ਵਿੱਤੀ ਮਦਦ, ਮਸ਼ਵਰਾ ਅਤੇ ਕਾਨੂੰਨੀ ਤੇ ਪ੍ਰਵਾਸ(ਇੰਮੀਗ੍ਰੇਸ਼ਨ) ਸਬੰਧੀ ਸਲਾਹ।

ਮਨੁੱਖੀ ਤਸਕਰੀ ਜਾਂ ਗੁਲਾਮੀ ਦੇ ਸ਼ਿਕਾਰ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ, ਸੁਪੋਟ ਫਾਰ ਟ੍ਰੈਫਿਕਡ ਪੀਪਲ ਪ੍ਰੋਗਰਾਮ(**Support for Trafficked People Program**) ਹੈ ਜਿਸ ਨੂੰ ਸਰਕਾਰ ਪੈਸਾ ਦਿੰਦੀ ਹੈ ਤੇ ਆਸਟ੍ਰੇਲੀਅਨ ਰੈੱਡ ਕਰਾੱਸ (Australian Red Cross) ਇਸ ਨੂੰ ਵੰਡਦੀ ਹੈ।

## ਆਸਟ੍ਰੇਲੀਆ ਵਿੱਚ ਹੋਰ ਵੀ ਸੇਵਾਵਾਂ ਹਨ ਜੋ ਮਦਦ ਕਰ ਸਕਦੀਆਂ ਹਨ।

**1800RESPECT**, ਜਿਨਸੀ ਹਮਲੇ ਅਤੇ ਪਰਿਵਾਰਕ ਤੇ ਘਰੇਲੂ ਹਿੰਸਾ ਸਬੰਧਤ, ਆਸਟ੍ਰੇਲੀਆ ਦੀ ਰਾਸ਼ਟਰੀ ਸਲਾਹਕਾਰੀ ਸੇਵਾ, ਹੈ। ਇਹ ਮੁਫਤ ਅਤੇ ਗੁਪਤ, ਟੈਲੀਫੋਨ ਅਤੇ ਆੱਨਲਾਈਨ, ਸਲਾਹ ਮਸ਼ਵਰਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ। ਸਲਾਹਕਾਰ ਤੁਹਾਨੂੰ ਸੁਣਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਤੁਹਾਡੇ ਇਲਾਕੇ ਦੀਆਂ ਹੋਰ ਸਹਾਰਾ ਸੇਵਾਵਾਂ ਦੀ ਦੱਸ ਪਾਉਂਦੇ ਹਨ।

**1800 737 732** ਤੇ ਫੋਨ ਕਰੋ ਜਾਂ **www.1800RESPECT.org.au** ਤੇ, **1800RESPECT** ਦੀ ਵੈਬਸਾਈਟ ਤੇ ਜਾਉ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ?

**131 450** ਤੇ **ਅਨੁਵਾਦ ਕਰਨ ਅਤੇ ਦੁਭਾਸ਼ੀਆ ਸੇਵਾ** (**Translating and Interpreting Service** (TIS)) ਨੂੰ ਫੋਨ ਕਰੋ। TIS ਦਾ ਇੱਕ ਦੁਭਾਸ਼ੀਆ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਮਦਦ ਕਰੇਗਾ, ਪਰ TIS ਸਲਾਹ ਮਸ਼ਵਰਾ ਨਹੀਂ ਦਿੰਦੀ। ਸਾਰੀਆਂ ਕਾਲਾਂ ਮੁਫਤ ਤੇ ਗੁਪਤ ਹੁੰਦੀਆਂ ਹਨ।

## ਆਸਟ੍ਰੇਲੀਆ ਵਿੱਚ ਮਨੁੱਖੀ ਤਸਕਰੀ ਤੇ ਗੁਲਾਮੀ ਬਾਬਤ ਵਧੇਰੇ ਜਾਣਕਾਰੀ ਲਈ:

ਸੁਪੋਟ ਫਾਰ ਟ੍ਰੈਫਿਕਡ ਪੀਪਲ (Support for Trafficked People Program) ਬਾਰੇ ਹੋਰ ਜਾਣਕਾਰੀ ਲਈ,ਸਮਾਜਿਕ ਸੇਵਾਵਾਂ ਵਿਭਾਗ (Department of Social Services) ਦੀ ਵੈਬਸਾਈਟ **www.dss.gov.au** ਤੇ ਜਾਉ ਜਾਂ Australian Red Cross ਦੀ ਵੈਬਸਾਈਟ **www.redcross.org.au** ਤੇ ਜਾਉ। ਤੁਸੀਂ **national_stpp@redcross.org.au** ਤੇ ਆਸਟ੍ਰੇਲੀਅਨ ਰੈੱਡ ਕ੍ਰੌਸ (Australian Red Cross) ਨੂੰ ਈਮੇਲ ਵੀ ਕਰ ਸਕਦੇ ਹੋ।

ਮਨੁੱਖੀ ਤਸਕਰੀ ਤੇ ਗੁਲਾਮੀ ਬਾਰੇ ਹੋਰ ਸੂਚਨਾ ਲਈ ਗ੍ਰਹਿ ਵਿਭਾਗ ( Department of Home Affairs) ਦੀ ਵੈਬਸਾਈਟ **www.homeaffairs.gov.au** ਤੇ ਜਾਉ ਜਾਂ Australian Federal Police ਦੀ ਵੈਬਸਾਈਟ **www.afp.gov.au** ਤੇ ਜਾਉ ਅਤੇ "human trafficking" ਢੂੰਡੋ।